# ਮਾਨਯੋਗ ਕਿਰਤ ਮੰਤਰੀ ਪੰਜਾਬ-ਕਮ-ਚੇਅਰਮੈਨ, ਲੇਬਰ ਵੈਲਫੇਅਰ ਬੋਰਡ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਲੇਬਰ ਵੈਲਫੇਅਰ ਬੋਰਡ ਦੀ ਮਿਤੀ 2.2.16 ਨੂੰ ਬਾਅਦ ਦੁਪਹਿਰ 12.30 ਵਜ਼ੇ ਪੰਜਾਬ ਭਵਨ, ਸੈਕਟਰ-3,ਚੰਡੀਗੜ੍ਹ ਵਿਖੇ ਹੋਈ 50ਵੀਂ ਮੀਟਿੰਗ ਦੀ ਕਾਰਵਾਈ ਰਿਪੋਟ।

ਪੰਜਾਬ ਲੇਬਰ ਵੈਲਫੇਅਰ ਬੋਰਡ ਦੀ 50ਵੀਂ ਮੀਟਿੰਗ ਮਾਨਯੋਗ ਸ੍ਰੀ ਚੂੰਨੀ ਲਾਲ ਭਗਤ, ਕਿਰਤ ਮੰਤਰੀ-ਕਮ-ਚੇਅਰਮੈਨ, ਪੰਜਾਬ ਲੇਬਰ ਵੈਲਫੇਅਰ ਬੋਰਡ ਜੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਹੇਠ ਲਿਖੇ ਮੈਂਬਰ ਸ਼ਾਮਲ ਹੋਏ: -

1. ਡਾ: ਰੋਸ਼ਨ ਸੁੰਕਾਰੀਆ, ਆਈ.ਏ.ਐਸ.
   ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
   ਕਿਰਤ ਵਿਭਾਗ, ਚੰਡੀਗੜ੍ਹ।

2. ਸ੍ਰੀ ਤੇਜਿੰਦਰ ਸਿੰਘ ਧਾਲੀਵਾਲ, ਆਈ.ਏ.ਐਸ,
   ਕਿਰਤ ਕਮਿਸ਼ਨਰ-ਕਮ-ਵੈਲਫੇਅਰ ਕਮਿਸ਼ਨਰ,
   ਪੰਜਾਬ ਲੇਬਰ ਵੈਲਫੇਅਰ ਬੋਰਡ।

3. ਸ੍ਰੀ ਸੋਢੀਮਲ, ਐਡੀਸ਼ਨਲ ਡਾਇਰੈਕਟਰ
   ਆਫ ਫੈਕਟਰੀਜ, ਕਿਰਤ ਵਿਭਾਗ,ਪੰਜਾਬ।

4. ਸ੍ਰੀ ਕੁਲਵੰਤ ਸਿੰਘ , ਫਾਇਨਾਸ ਐਕਸਪੈਡੀਚਰ-5
   ਵਿੱਤ ਵਿਭਾਗ ਪੰਜਾਬ,
   ਚੰਡੀਗੜ੍ਹ।

5. ਸ੍ਰੀਮਤੀ ਹਰਸ੍ਰਪਾਲ ਕੌਰ,ਅਸਿਸਟੈਂਟ ਡਾਇਰੈਕਟਰ
   /ਸਰਬਜੀਤ ਸਿੰਘ, ਸੁਪਰਡੰਟ
   ਉਦਯੋਗ ਅਤੇ ਕਮਰਸ ਵਿਭਾਗ ਪੰਜਾਬ, ਚੰਡੀਗੜ੍ਹ।

6. ਸ੍ਰੀ ਮਹਿੰਗਾ ਸਿੰਘ ਕੰਗ,
   ਪ੍ਰੋਗਰਾਮ ਮੈਨੇਜਰ, ਆਈ.ਸੀ.ਪੀ.ਐਸ.
   ਡਿਪਟੀ ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ
   ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ, ਚੰਡੀਗੜ੍ਹ।

7. ਸ੍ਰੀ ਬਖਤਾਵਰ ਸਿੰਘ,ਪੁੱਤਰ ਸ੍ਰੀ ਹੁਕਮ ਸਿੰਘ
   ਪ੍ਰਧਾਨ ਪਲੇਦਾਰ ਯੂਨੀਅਨ, ਫਾਜਿਲਕਾ।

ਲੇਬਰ ਵੈਲਫੇਅਰ ਕਮਿਸ਼ਨਰ, ਪੰਜਾਬ ਵਲੋਂ ਚੇਅਰਮੈਨ ਜੀ ਦੀ ਇਜਾਜ਼ਤ ਨਾਲ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ ਗਈ। ਉਹਨਾਂ ਵਲੋ ਹਰ ਇਕ ਮੱਦ ਬਾਰੇ ਮੈਂਬਰ ਸਹਿਬਾਨ ਨੂੰ ਜਾਣੂ ਕਰਵਾਇਆ ਗਿਆ ਜਿਨ੍ਹਾਂ ਬਾਰੇ ਬੋਰਡ ਵਲੋਂ ਵਿਚਾਰ ਵਟਾਦਰਾ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

<u>ਮੱਦ ਨੰ:-1</u>

<u>ਬੋਰਡ ਵਲੋਂ 49ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ।</u>

ਵੈਲਫੇਅਰ ਕਮਿਸ਼ਨਰ ਵਲੋਂ ਮੈਂਬਰਾਂ ਨੂੰ ਜਾਣੂ ਕਰਵਾਇਆ ਗਿਆ ਕਿ ਪਿਛਲੀ ਮੀਟਿੰਗ ਦੀ ਕਾਰਵਾਈ ਸਾਰੇ ਮੈਂਬਰ ਸਹਿਬਾਨ ਨੂੰ ਇਸ ਦਫਤਰ ਦੇ ਪਤਰ ਨੰ: 1461-69 ਮਿਤੀ 9-12-15 ਰਾਹੀਂ ਭੇਜੀ ਗਈ ਸੀ ਜਿਸ ਤੇ ਮੱਦ ਨੰਬਰ 10 ਸਬੰਧੀ ਸ੍ਰੀ ਬਖਤਾਵਰ ਸਿੰਘ ਬੋਰਡ ਮੈਂਬਰ ਵਲੋਂ ਇਤਰਾਜ ਕੀਤਾ ਗਿਆ ਹੈ ਜਿਸ ਨੂੰ ਮੁੜ ਡਿਸਕਸ ਕੀਤਾ ਜਾਵੇਗਾ। ਬਾਕੀ ਕਿਸੇ ਮਦ

ਬਾਰੇ ਕਿਸੇ ਮੈਂਬਰ ਵਲੋਂ ਕੋਈ ਇਤਾਰਜ ਪ੍ਰਾਪਤ ਨਹੀਂ ਹੋਇਆ। ਬੋਰਡ ਵਲੋਂ ਮਿਤੀ 14.10.15 ਦੀ 49ਵੀਂ ਮੀਟਿੰਗ ਦੀ ਕਾਰਵਾਈ ਦੀ ਮਦ ਨੰਬਰ 10 ਨੂੰ ਛਡਕੇ ਬਾਕੀ ਮਦਾਂ ਬਾਰੇ ਪੁਸ਼ਟੀ ਕੀਤੀ ਗਈ।

ਮੱਦ ਨੰ:-2

ਪੰਜਾਬ ਲੇਬਰ ਵੈਲਫੇਅਰ ਬੋਰਡ ਵਲੋਂ ਮਿਤੀ 14.10.15 ਨੂੰ ਹੋਈ ਮੀਟਿੰਗ ਵਿੱਚ ਲਏ ਫੈਸਲਿਆਂ ਤੇ ਕੀਤੀ ਕਾਰਵਾਈ ਬਾਰੇ।

ਵੈਲਫੇਅਰ ਕਮਿਸ਼ਨਰ ਵਲੋਂ ਮੱਦ ਵਾਈਜ ਲਏ ਫੈਸਲਿਆਂ ਤੇ ਕੀਤੀ ਕਾਰਵਾਈ ਬਾਰੇ ਵਿਸਥਾਰਪੂਰਵਕ ਮੈਂਬਰਾਂ ਨੂੰ ਹੇਠ ਲਿਖੇ ਅਨੁਸਾਰ ਸੂਚਿਤ ਕੀਤਾ ਗਿਆ :-

48ਵੀਂ ਮੀਟਿੰਗ
ਦੀ ਮੱਦ ਨੰ:7
ਉਦਯੋਗਿਕ ਕਿਰਤੀਆਂ ਨੂੰ ਬਾਈਸਾਈਕਲ, ਸਿਲਾਈ ਮਸ਼ੀਨ, ਪੱਖੇ, ਟੈਲੀਵੀਜਨ, ਕੰਪਿਊਟਰ, ਸਕੂਟਰ/ਮੋਟਰਸਾਈਕਲ ਅਤੇ ਸ਼ਾਦੀ ਕਰਜੇ ਤੇ ਵਿਆਜ ਨਾਂ ਵਸੂਲਣ ਬਾਰੇ।

ਇਸ ਮਦ ਬਾਰੇ ਮਾਨਯੋਗ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਸੁਝਾਅ ਦਿਤਾ ਗਿਆ ਕਿ ਜੇਕਰ ਜਰੂਰਤ ਹੋਵੇ ਤਾਂ ਸਨਅਤੀ ਕਿਰਤੀਆਂ ਨੂੰ ਦਿਤੇ ਜਾ ਰਹੇ ਕਰਜਿਆਂ ਤੇ ਵਿਆਜ ਦੀ ਛੋਟ ਦੇਣ ਬਾਰੇ ਸਰਕਾਰ ਦੀ ਪ੍ਰਵਾਨਗੀ ਪ੍ਰਾਪਤ ਕਰਨ ਲਈ ਮਿਸਲ ਭੇਜੀ ਜਾਵੇ। ਇਸ ਤੇ ਵੈਲਫੇਅਰ ਕਮਿਸਨਰ ਵਲੋਂ ਸਪਸ਼ਟ ਕੀਤਾ ਗਿਆ ਇਸ ਸਬੰਧੀ ਰੂਲਾਂ/ਹਦਾਇਤਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।

48ਵੀਂ ਮੀਟਿੰਗ ਦੀ
ਮੱਦ ਨੰਬਰ: 10
ਬੋਰਡ ਦੇ ਕਰਮਚਾਰੀਆਂ ਨੂੰ ਪੰਜਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਿਸ਼ਾਂ ਅਨੁਸਾਰ ਤਨਖਾਹ ਅਤੇ ਭੱਤੇ ਦੇਣ ਬਾਰੇ।

ਇਸ ਮੁਦੇ ਬਾਰੇ ਬੋਰਡ ਮੈਂਬਰ ਵਲੋਂ ਲਗਾਏ ਗਏ ਇਤਰਾਜ ਕਿ ਇਸ ਮੁਦੇ ਨੂੰ ਦੁਬਾਰਾ ਵਿਚਾਰਿਆ ਜਾਵੇ ਬਾਰੇ ਵਿਸਥਾਰਪੂਰਵਕ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਇਸ ਗਲ ਤੇ ਸਹਿਮਤੀ ਹੋਈ ਕਿ ਜੇਕਰ ਪੰਜਵੇ ਤਨਖਾਹ ਕਮਿਸਨਰ ਵਲੋਂ ਸਿਫਾਰਸ ਕੀਤੇ ਗਏ ਤਨਖਾਹ ਸਕੇਲਾਂ ਨੂੰ ਮਿਤੀ 1.1.2006 ਤੋਂ ਲਾਗੂ ਕੀਤਾ ਜਾਣਾ ਹੈ ਤਾਂ ਮੁਲਾਜਮਾਂ ਨੂੰ 1.1.2006 ਤੋਂ ਵਧੀਆਂ ਹੋਈਆਂ ਤਨਖਾਹਾਂ ਦਾ ਬਕਾਇਆ ਵੀ ਦੇਣਾ ਪਵੇਗਾ। ਇਸ ਲਈ ਮਿਤੀ 1.1.2006 ਤੋਂ 30.9.15 ਦੇ ਸਮੇਂ ਦੀ ਬੋਰਡ ਦੀ ਸਾਲ ਵਾਈਜ ਆਮਦਨ ਨੂੰ ਵਿਚਾਰਿਆ ਜਾਵੇ ਕਿ ਕੀ ਪੰਜਾਬ ਕੈਬਨਿਟ ਦੇ ਫੈਸਲੇ ਅਨੁਸਾਰ ਇਸ ਆਮਦਨ ਤੇ 15% ਤਕ ਦੇ ਪ੍ਰਸਾਸਕੀ ਖਰਚੇ ਦੀ ਹਦ ਦੇ ਅੰਦਰ ਅੰਦਰ ਇਹ ਬਕਾਇਆ ਦਿਤੇ ਜਾ ਸਕਦੇ ਹਨ ਕਿ ਨਹੀਂ। ਇਸ ਸਬੰਧੀ ਮਿਤੀ 1.1.2006 ਤੋਂ 30.9.2015 ਤਕ ਹਰੇਕ ਸਾਲ ਦੀ ਆਮਦਨ, ਕੁਲ ਆਮਦਨ ਦੇ ਹਿਸਾਬ ਨਾਲ ਖਰਚ ਕਰਨ ਯੋਗ ਰਾਸ਼ੀ ਅਤੇ ਬੋਰਡ ਦੇ ਮੁਲਾਜਮਾਂ ਦੇ ਬਣਦੇ ਸਾਲ ਵਾਈਜ ਬਕਾਇਆ ਦੇ ਵੇਰਵੇ ਬੋਰਡ ਦੀ ਅਗਲੀ ਮੀਟਿੰਗ ਵਿਚ ਪੇਸ਼ ਕੀਤੇ ਜਾਣ।

48ਵੀਂ ਮੀਟਿੰਗ ਦੀ
ਮੱਦ ਨੰਬਰ 12
ਬੋਰਡ ਵਲੋਂ ਪੰਜਾਬ ਲੇਬਰ ਵੈਲਫੇਅਰ ਬੋਰਡ ਦੇ ਸਦਰ ਦਫਤਰ ਅਤੇ ਵੱਖ ਵੱਖ ਫੀਲਡ ਦਫਤਰਾਂ ਵਿੱਚ ਸਟਾਫ ਰੱਖਣ ਲਈ ਅਸਾਮੀਆਂ ਦੀ ਰਚਨਾ ਕਰਨ ਬਾਰੇ।

ਇਸ ਮੁੱਦੇ ਬਾਰੇ ਮਾਨਯੋਗ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਸੁਝਾਅ ਦਿਤਾ ਗਿਆ ਕਿ ਬੋਰਡ ਦੇ ਅਧਿਕਾਰੀ ਉਹਨਾਂ ਦੇ ਦਫਤਰ ਨਾਲ ਨਿਜੀ ਸੰਪਰਕ ਕਰਕੇ ਵਿਤ ਵਿਭਾਗ ਤੋਂ ਪ੍ਰਵਾਨਗੀ ਲੈਣ ਸਬੰਧੀ ਪੱਤਰ ਜਾਰੀ ਕਰਵਾਉਣ।

49ਵੀਂ ਮੀਟਿੰਗ ਦੀ

ਮੱਦ ਨੰਬਰ 3

ਵਿੱਤੀ ਸਾਲ 2015-16 (ਮਿਤੀ 1-4-2015 ਤੋਂ 31-12-15) ਦੌਰਾਨ ਬੋਰਡ ਦੇ ਆਮਦਨ ਅਤੇ ਖਰਚੇ ਦੀ ਸਥਿੱਤੀ।

ਇਸ ਮੱਦ ਸਬੰਧੀ ਵਿਚਾਰ ਵਟਾਂਦਰਾ ਕਰਦੇ ਹੋਏ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਸੁਝਾਅ ਦਿਤਾ ਗਿਆ ਕਿ ਕਿਰਤੀਆਂ ਨੂੰ ਦਿਤੇ ਗਏ ਕੁਲ ਕਰਜੇ ਵਿਚੋਂ ਜੋ ਰਾਸ਼ੀ ਬਕਾਇਆ ਵਸੂਲਣ ਯੋਗ ਰਹਿੰਦੀ ਹੈ ਉਸ ਸਬੰਧੀ ਵੇਰਵੇ ਅਗਲੀ ਮੀਟਿੰਗ ਵਿਚ ਪੇਸ਼ ਕੀਤੇ ਜਾਣ।

ਮੱਦ ਨੰਬਰ 4

ਬੋਰਡ ਦੇ ਸਾਲ 2015-16 ਦੇ ਅਸਲ ਬੱਜਟ (1-4-2015 ਤੋਂ 31-12-2015) ਅਤੇ ਸਾਲ 2016-17 ਦੇ ਅਨੁਮਾਨਤ ਬੱਜਟ ਦੀ ਪ੍ਰਵਾਨਗੀ ਬਾਰੇ।

ਮੌਕੇ ਤੇ ਮਾਨਯੋਗ ਪ੍ਰਮੁੱਖ ਸਕੱਤਰ, ਕਿਰਤ ਜੀ ਵਲੋਂ ਸੁਝਾਅ ਦਿੱਤਾ ਗਿਆ ਕਿ ਬੋਰਡ ਵਲੋਂ ਨਵੀਆਂ ਭਲਾਈ ਸਕੀਮਾਂ ਤੇ ਹੋਣ ਵਾਲੇ ਖਰਚੇ ਲਈ 50 ਲੱਖ ਰੁਪਏ ਦਾ ਉਪਬੰਧ ਕਰ ਦਿੱਤਾ ਜਾਵੇ ਜਿਸ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਬੋਰਡ ਵਲੋਂ ਹੇਠਾਂ ਦਿਤੇ ਗਏ ਸਾਲ 2015-16 ਦੇ ਅਸਲ ਬਜਟ (ਮਿਤੀ 1-4-2015 ਤੋਂ 31-12-2015) ਅਤੇ ਸਾਲ 2016-17 ਦੇ ਅਨੁਮਾਨਤ ਬਜਟ ਦੀ ਪ੍ਰਵਾਨਗੀ ਦਿਤੀ ਗਈ:-

ਪ੍ਰਾਪਤੀਆਂ (ਰਕਮ ਲੱਖਾ ਵਿੱਚ)

| ਲੜੀ ਨੰ: | ਮੱਦ | ਸੋਧਿਆ ਬੱਜਟ 2015-16 | ਅਸਲ ਪ੍ਰਾਪਤੀ 2015-16 (01.04.15 ਤੋਂ 31.12.15) | ਅਨੁਮਾਨਤ ਬਜੱਟ 2016-17 |
|---|---|---|---|---|
| 1 | ਗਰਾਂਟ ਇਨ ਏਡ | 16.00 | - | 16.00 |
| 2 | ਕੰਟਰੀਬਿਊਸ਼ਨ ਸਕੀਮ | 1500.00 | 1197.69 | 1550.00 |
| 3 | ਫੁਟਕਲ(ਡੁਨੇਸਨ,ਦਰਜਾ ਚਾਰ ਦੇ ਕਰਮਚਾਰੀਆਂ ਦੀਆਂ ਰਕਮ,ਸਪੈਸਲ ਪੇ ਰਿਕਵਰੀ ਆਦਿ ਦੀ ਰਕਮ | 2.00 | 0.09 | 1.00 |
| 4 | ਕਿਰਤੀਆਂ ਦੀਆਂ ਅਣਵੰਡੀਆਂ ਰਕਮਾਂ (ਵੈਲਫੇਅਰ ਫੰਡ ਵਿੱਚ 4 ਸਾਲ ਮਗਰੋਂ ਤਬਦੀਲ ਹੋਣ ਤੇ) | 50.91 (2010-11) | 50.23 | 50.23 (2011-12) |
| 5 | ਐਫ.ਡੀ.ਆਰਜ ਅਤੇ ਸੇਵਿੰਗ ਖਾਤਿਆਂ ਤੇ ਵਿਆਜ | 50.00 | 36.11 | 50.00 |
| 6 | ਉਦਯੋਗਿਕ ਕਿਰਤੀਆਂ ਤੋਂ ਕਰਜ਼ਿਆਂ ਦੀ ਵਸੂਲੀ ਅਤੇ ਕਰਜਿਆ ਦੀ ਵਿਆਜ ਦੀ ਵਸੂਲੀ। | 50.00 | 41.41 | 50.00 |
| 7 | ਮਾਡਲ ਵੈਲਫੇਅਰ ਸੈਂਟਰ ਜਲੰਧਰ ਦੀ ਬਿਲਡਿੰਗ ਦਾ ਕਿਰਾਇਆ (@ 18125/P.M.) | 2.20 | - | 3.40 |
| | ਕੁਲ ਜੋੜ: | 1671.11 | 1325.53 | 1720.63 |

## ਖਰਚਾ (ਅ)

**ਅਸਲ ਖਰਚਾ ਬੱਜਟ 2015-16 (1.04.15 ਤੋਂ 31.12.15 ) ਅਤੇ ਅਨੁਮਾਨਤ ਖਰਚਾ ਬਜਟ 2016-17**

(ਰਕਮਾਂ ਲੱਖਾ ਵਿੱਚ)

| ਲੜੀ ਨੰ: | ਮੱਦ | ਸੋਧਿਆ ਬੱਜਟ 2015-16 | ਅਸਲ ਖਰਚਾ 2015-16 (01.04.15ਤੋਂ 31.12.15) | ਅਨੁਮਾਨਤ ਬਜਟ 2016-17 |
|---|---|---|---|---|
| 1 | ਕਰਮਚਾਰੀਆਂ ਦੀ ਤਨਖਾਹ | 77.20 (ਅਨੁਲਗ-ਗ-1) | 50.99 | 55.00 (ਅਨੁਲੱਗ-'ਗ') |
| 2 | ਉਜਰਤਾ /ਵੈਜਿਜ | 8.00 | 2.15 | 45.33 |
| 3 | ਆਡਿਟ ਫੀਸ | 5.00 | 2.03 | 3.00 |
| 4 | ਰੈਂਟ ਰੇਟ ਐਂਡ ਟੈਕਸਜ਼ | 1.00 | 0.23 | 1.00 |
| 5 | ਟੀ.ਏ. | 0.10 | - | 0.20 |
| 6 | ਈ.ਪੀ.ਐਫ.ਕਟਰੀਬਿਊਸ਼ਨ | 13.00 | 5.75 | 8.00 |
| 7 | ਡਿਪਾਰਟਮੈਂਟ ਚਾਰਜਿਜ (ਈ.ਪੀ.ਐਫ.) | 2.00 | 0.71 | 1.00 |
| 8 | ਸਰਕਾਰੀ ਡਾਕ ਟਿਕਟਾ | 0.50 | 0.05 | 0.50 |
| 9 | ਦਫਤਰੀ ਖਰਚੇ | 5.00 | 1.63 | 5.00 |
| 10 | ਮੈਡੀਕਲ ਭੱਤੇ | 3.00 | 1.41 | 2.00 |
| 11 | ਅਣਵੰਡੀਆਂ ਰਕਮਾਂ ਦਾ ਭੁਗਤਾਨ | 2.00 | 0.07 | 2.00 |
| 12 | ਸੇਵਾਨਿਵਰਤ ਕਰਮਚਾਰੀਆਂ ਦੇ ਲਾਭ | 30.00 | 21.05 | 20.00 |
| 13 | ਆਣਏਰੀਅਮ | 1.00 | 0.77 | 2.00 |
| 14 | ਲੀਗਲ ਫੀਸ ਅਤੇ ਜੁਰਮਾਨਾ | 5.50 | 5.44 | 0.50 |
| | ਕੁੱਲ ਜ਼ੋੜ | 153.30 | 92.28 | 145.53 |

ੲ

## ਕਿਰਤ ਭਲਾਈ ਸਕੀਮਾਂ ਅਧੀਨ ਅਸਲ ਖਰਚਾ ਬਜਟ 2015-16 (1.4.2015 ਤੋਂ 31.12.2015) ਅਤੇ ਅਨੁਮਾਨਤ ਖਰਚਾ ਬੱਜਟ 2016-17

ਰਕਮ ਲੱਖਾਂ ਵਿੱਚ

| ਲੜੀ ਨੰ: | ਕਿਰਤ ਭਲਾਈ ਸਕੀਮਾ | ਸੋਧਿਆ ਬੱਜਟ 2015-16 | ਅਸਲ ਖਰਚਾ 2015-16 (01.04.15ਤੋਂ 31.12.15) | ਅਨੁਮਾਨਤ ਬਜਟ (2016-17) |
|---|---|---|---|---|
| 1 | ਵਜੀਫਾ ਸਕੀਮ | 150.00 | 8.30 | 250.00 |
| 2 | ਐਕਸਗ੍ਰੇਸ਼ੀਆਂ ਸਕੀਮ | 300.00 | 36.30 | 200.00 |
| 3 | ਸਗਨ ਸਕੀਮ | 60.00 | 38.71 | 100.00 |
| 4 | ਐਲ.ਟੀ.ਸੀ. | 2.00 | 0.15 | 3.00 |
| 5 | ਐਨਕਾਂ,ਦੰਦਾ, ਸੁਣਨਯੰਤਰ ਸਕੀਮ | 1.00 | 0.02 | 1.00 |
| 6 | 1.ਖਤਰਨਾਕ ਬਿਮਾਰੀਆਂ ਦੇ ਇਲਾਜ ਲਈ ਵਿੱਤੀ ਸਹਾਇਤਾ<br>2.ਜਰਨਲ ਸਰਜ਼ਰੀ ਸਕੀਮ<br>3. ਅੰਸ਼ਿਕ ਅਪੰਗਤਾ | 10.00 | 2.15 | 10.00 |
| 7 | ਬਾਈਸਾਈਕਲ | 1.50 | - | 1.00 |
| 8 | ਸਿਲਾਈ ਮਸ਼ੀਨ | 0.50 | - | 0.50 |
| 9 | ਪੱਖੇ | 0.40 | - | 0.40 |
| 10 | ਟੈਲੀਵਿਜਨ | 3.00 | - | 2.00 |
| 11 | ਕੰਪਿਊਟਰ | 90.00 | - | 65.20 |
| 12 | ਕਣਕ ਅਡਵਾਸ | 2.00 | - | 1.00 |
| 13 | ਲੜਕੀਆਂ ਦੇ ਵਿਆਹ ਲਈ ਕਰਜਾ ਸਕੀਮ | 2.00 | - | 10.00 |
| 14 | ਸਕੂਟਰ/ ਮੋਟਰ ਸਾਈਕਲ ਖਰੀਦਣ ਲਈ ਕਰਜਾ | 45.00 | - | 30.00 |
| 15 | ਫਰੀਜ ਖ੍ਰੀਦਣ ਲਈ ਕਰਜਾ | 6.00 | - | 5.00 |
| 15 | ਮਾਡਲ ਵੈਲਫੇਅਰ ਸੈਂਟਰ, ਮੁਹਾਲੀ। | 850.00 | 389.45 | 850.00 |
| 16 | ਸਕੀਮਾਂ ਦੀ ਪਬਲੀਸਿਟੀ ਲਈ | 20.00 | 2.11 | 20.00 |
| 17 | ਬੋਰਡ ਦੇ ਕਮੰਕਾਜ ਦੀ ਕੰਪਿਊਟਰਾਈਜੇਸ਼ਨ ਲਈ | 20.00 | - | 15.00 |
| 18 | ਦਾਹ ਸੰਸਕਾਰ ਲਈ ਵਿਤੀ ਸਹਾਇਤਾ | 10 | - | 10.00 |
| 19 | ਭਵਿੱਖ ਵਿੱਚ ਬਣਾਈਆਂ ਜਾਣ ਵਾਲੀਆਂ ਭਲਾਈ ਸਕੀਮਾਂ | - | - | 50.00 |
| | ਜੋੜ: | 1573.40 | 477.19 | 1624.10 |

ਨੋਟ: 2016-17 ਦੇ ਅਨੁਮਾਨਤ ਬਜਟ ਵਿੱਚ 1624.10 ਲੱਖ ਰੁਪਏ ਦੀ ਰਕਮ ਦਾ ਬਜਟ ਉਪਬੰਧ ਕੀਤਾ ਗਿਆ ਹੈ। ਪ੍ਰਾਪਤ ਰਕ ਦੇ ਸਨਮੁੱਖ ਜਿਹੜੀ ਸਕੀਮ ਦੀਆਂ ਅਰਜੀਆਂ ਘੱਟ ਪ੍ਰਾਪਤ ਹੋਣਗਈਆਂ ਤਾਂ ਦੂਸਰੀਆਂ ਸਕੀਮਾਂ ਵਿੱਚ ਰੱਖੇ ਬਜਟ ਉਪਬੰਧ ਵਿੱਚੋ ਬੱਚ ਰਕਮ ਵਰਤ ਲਈ ਜਾਵੇਗੀ।

## ਅਨੁਲੱਗ 'ਖ'

### **ਦਫਤਰੀ ਖਰਚਿਆਂ ਵਿੱਚ ਹੇਠ ਲਿਖੇ ਖਰਚੇ ਸਾਮਲ ਹੁੰਦੇ ਹਨ:

(ਰਕਮ ਲੱਖਾ ਵਿੱਚ)

| ਲੜੀ ਨੰ: | ਮੱਦ | ਸੋਧਿਆ ਬੱਜਟ 2015-16 | ਅਸਲ ਖਰਚਾ 2015-16 (01.04.15ਤੋਂ 31.12.15) | ਅਨੁਮਾਨਤ ਬਜਟ 2016-2017 |
|---|---|---|---|---|
| 1 | ਦਰਜਾ ਚਾਰ ਕਮਰਚਾਰੀਆਂ ਲਈ ਵਰਦੀਆਂ | 0.10 | - | 0.10 |
| 2 | ਸਟੋਰ ਖਾਤਾ,ਫਰਨੀਚਰ ਅਤੇ ਫਿਕਚਰ ਖਾਤਾ,ਸਟੇਸਨਰੀ ਅਤੇ ਪ੍ਰਿੰਟਿੰਗ ਖਾਤਾ ਅਤੇ ਹੋਰ ਦਫਤਰੀ ਖਰਚੇ | 2.50 | 1.14 | 2.50 |
| 3 | ਟੈਲੀਫੋਨ ਖਰਚਾ | 0.40 | 0.23 | 0.40 |
| 4 | ਦਰਜਾ ਚਾਰ ਕਰਮਚਾਰੀਆਂ ਲਈ ਕਣਕ/ਤਿਉਹਾਰਾ ਲਈ ਅਡਵਾਂਸ,ਰਿਫੈਰਸਮੈਂਟ, ਵੰਡ ਸਮਾਰੋਹ ਅਤੇ ਦਫਤਰੀ ਖਰਚੇ | 2.00 | 0.26 | 2.00 |
| | ਜੋੜ: | 5.00 | 1.63 | 5.00 |

## ਅਨੁਲੱਗ 'ਗ'

**ਪ੍ਰਬੰਧਕੀ ਮੱਦ ਅਧੀਨ ਸਾਲ 2016-17 ਦੌਰਾਨ ਕਰਮਚਾਰੀਆਂ ਦੀਆਂ ਤਨਖਾਹਾਂ ਤੇ ਅੰਦਾਜਨ ਖਰਚਿਆਂ ਦੇ ਵੇਰਵੇ**

| ਲੜੀ ਨੰ: | ਅਸਾਮੀ ਦਾ ਨਾਮ | ਸਕੇਲ | ਮੌਜੂਦਾ ਅਸਾਮੀਆਂ | ਅੰਦਾਜਨ ਸਲਾਨਾ ਖਰਚਾ(ਲੱਖਾਂ ਵਿਚ) | ਵਿਸੇਸ ਕੱਥਨ |
|---|---|---|---|---|---|
| 1 | ਸੀਨੀਅਰ ਸਹਾਇਕ | 5800-9200 | 1 | 6.00 | 1 ਅਸਾਮੀ ਦਾ ਖਰਚਾ |
| 2 | ਜੂਨੀਅਰ ਸਹਾਇਕ | 5000-8100 | 2 | 14.00 | 2 ਅਸਾਮੀਆਂ ਦਾ ਖਰਚਾ |
| 3 | ਸੀ. ਕਲਰਕ | 4020-6200 | 1 | 5.70 | 1 ਅਸਾਮੀ ਦਾ ਖਰਚਾ |
| 4 | ਕਲਰਕ | 3120-5160 | 2 | 10.20 | 2 ਅਸਾਮੀਆਂ ਦਾ ਖਰਚਾ |
| 5 | ਸੇਵਾਦਾਰ | 2520-4140 | 2 | 7.20 | 2 ਅਸਾਮੀਆਂ ਦਾ ਖਰਚਾ |
| 6 | ਬਾਲਸੇਵਾਦਾਰ | 2520-4140 | 3 | 11.90 | ਬਾਲਸੇਵਕਾ ਅਤੇ ਬਾਲਸੇਵਾਦਾਰ ਦੀਆਂ ਅਸਾਮਿਆ ਨੂੰ ਡਾਇੰਗ ਕੇਡਰ ਘੋਸ਼ਿਤ ਕੀਤਾ ਹੋਇਆ ਹੈ। |
| 7 | ਸੇਵਾ ਨਿਵਰਿਤ ਲਾਭ(ਗਰੈਚੂਟੀ) | - | | 20.00 | |
| 8 | ਜੋੜ: | | 11 | 55.00 | |

**ਮੱਦ ਨੰਬਰ 5**

**ਬੋਰਡ ਦੀ ਵਜੀਫਾ ਸਕੀਮ ਵਿਚ ਸੋਧ ਕਰਨ ਬਾਰੇ।**

ਬੋਰਡ ਵਲੋਂ ਇਸ ਮੱਦ ਨੂੰ ਵਿਚਾਰਦੇ ਹੋਏ ਬੋਰਡ ਦੀ ਵਜੀਫਾ ਸਕੀਮ ਅਧੀਨ ਹੇਠ ਲਿਖੇ ਅਨੁਸਾਰ ਰੇਟ ਪ੍ਰਵਾਨ ਕੀਤੇ ਗਏ ਜੋ ਅਗਲੇ ਸੈਸ਼ਨ ਮਿਤੀ 1.4.2016 ਤੋਂ ਲਾਗੂ ਹੋਣਗੇ:-

| ਲੜੀ ਨੰ: | ਕਾਲਜ | ਮੌਜੂਦਾ ਵਜੀਫੇ ਦੀ ਰਕਮ ਪ੍ਰਤੀ ਸਾਲ | ਤਜਵੀਜਤ ਵਜੀਫੇ ਦੀ ਰਕਮ ਪ੍ਰਤੀ ਸਾਲ (ਮਿਤੀ 1.4.2016 ਤੋਂ ਲਾਗੂ ਰੇਟ) | |
|---|---|---|---|---|
| | | | ਲੜਕੀਆਂ ਲਈ | ਲੜਕਿਆਂ ਲਈ |
| 1. | 6ਵੀਂ, 7ਵੀਂ ਅਤੇ 8ਵੀਂ | - | 5,000/- | 7,000/- |
| 2. | 9ਵੀਂ, 10ਵੀਂ, | 5,000/- | 10,000/- | 13,000/- |
| 3. | +1 ਅਤੇ +2 | 5,000/- | 20,000/- | 25,000/- |
| 4. | ੳ) ਕਾਲਜ ਵਿਦਿਆਰਥੀ (ਹਰ ਤਰਾਂ ਦੀ ਗਰੈਜੂਏਸ਼ਨ/ਪੋਸਟ ਗਰੈਜੂਏਸ਼ਨ) ਅਤੇ ਉੱਚ ਵਿੱਦਿਆ ਅ)ਆਈ.ਟੀ.ਆਈ/ਪਾਲੀਟੈਕਨਿਕ ਵਿਚ ਤਕਨੀਕੀ ਅਤੇ ਹੋਰ ਪੇਸ਼ਾਵਰ ਪੜਾਈ,ਏ.ਐਨ.ਐਮ/ ਜੀ.ਐਨ.ਐਮ ਕੋਰਸ | 15,000/- | 25,000/- (ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦਾ ਹੈ ਤਾਂ ਕੁੱਲ 40,000/-) | 30,000/- (ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦੀ ਹੈ ਤਾਂ ਕੁੱਲ 45,000/-) |
| 5. | ਮੈਡੀਕਲ/ਇੰਜੀਨੀਅਰਿੰਗ ਅਤੇ ਹੋਰ ਪੇਸ਼ਾਵਰ ਪੜ੍ਹਾਈ ਲਈ | 30,000/- | 40,000/- (ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦਾ ਹੈ ਤਾਂ ਕੁੱਲ 60,000/-) | 50,000/- (ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦੀ ਹੈ ਤਾਂ ਕੁੱਲ 70,000/-) |

<u>ਮੱਦ ਨੰਬਰ 6</u>

ਪੰਜਾਬ ਲੇਬਰ ਵੈਲਫੇਅਰ ਬੋਰਡ ਵਲੋਂ ਉਦਯੋਗਿਕ ਕਿਰਤੀਆਂ ਦੀਆਂ ਲੜਕੀਆਂ ਦੀ ਸ਼ਾਦੀ ਲਈ ਸ਼ਗਨ ਸਕੀਮ ਵਿਚ ਸੋਧ ਕਰਨ ਬਾਰੇ।

ਬੋਰਡ ਵਲੋਂ ਇਸ ਮੱਦ ਤੇ ਵਿਚਾਰ ਵਟਾਂਦਰਾ ਕਰਨ ਉਪ੍ਰੰਤ ਸੱਨਅਤੀ ਕਿਰਤੀਆਂ ਦੀ ਲੜਕੀ ਦੀ ਸ਼ਾਦੀ ਤੇ ਸ਼ਗਨ ਦੀ ਰਾਸ਼ੀ 21000/- ਤੋਂ ਵਧਾ ਕੇ 31000/- ਕਰਨ ਦੀ ਪ੍ਰਵਾਨਗੀ ਦਿਤੀ ਗਈ। ਇਹ ਵਾਧਾ ਉਨ੍ਹਾਂ ਸਾਰੀਆਂ ਕਿਰਤੀਆਂ ਦੀਆਂ ਲੜਕੀਆਂ ਦੀ ਸ਼ਾਦੀ ਤੇ ਲਾਗੂ ਹੋਵੇਗਾ ਜਿਨ੍ਹਾਂ ਦੀ ਸ਼ਾਦੀ 2.2.2016 ਤੋਂ ਬਾਅਦ ਹੋਵੇਗੀ। ਸਕੀਮ ਦੀਆਂ ਬਾਕੀ ਸ਼ਰਤਾਂ ਪਹਿਲਾਂ ਵਾਲੀਆਂ ਹੀ ਰਹਿਣਗੀਆਂ।

<u>ਮੱਦ ਨੰਬਰ 7</u>

<u>ਬੋਰਡ ਦੇ ਦਫਤਰ ਦੇ ਕੰਮ ਦੀ ਕੰਪਿਊਟਰੀਕਰਨ ਕਰਵਾਉਣ ਲਈ ਸਾਫਟਵੇਅਰ ਪ੍ਰੋਗਰਾਮਰ ਨੂੰ ਮਾਨ ਭੱਤਾ ਦੇਣ ਬਾਰੇ।</u>

ਇਸ ਮੱਦ ਤੇ ਵਿਚਾਰ ਵਟਾਂਦਰਾ ਕਰਨ ਉਪ੍ਰੰਤ ਬੋਰਡ ਵਲੋਂ ਫੈਸਲਾ ਕੀਤਾ ਗਿਆ ਕਿ ਸ੍ਰੀ ਅਖਿਲ ਸ਼ਰਮਾ, ਕੰਪਿਊਟਰ ਪ੍ਰੋਗਰਾਮਰ, ਜੋ ਬੀ.ਓ.ਸੀ.ਡਬਲਯੂ ਬੋਰਡ ਵਿਚ ਕੰਮ ਕਰ ਰਿਹਾ ਹੈ, ਨੂੰ ਆਪਣੇ ਕੰਮ ਤੋਂ ਇਲਾਵਾ ਪੰਜਾਬ ਵੈਲਫੇਅਰ ਬੋਰਡ ਵਿਚ ਕੰਪਿਊਟਰ ਪ੍ਰੋਗਰਾਮਰ ਦਾ ਕੰਮ ਕਰਨ ਲਈ 10000/-ਰੁਪੈ ਪ੍ਰਤੀ ਮਹੀਨਾ ਮਾਨ ਭੱਤੇ ਤੇ ਰੱਖ ਲਿਆ ਜਾਵੇ।

<u>ਮੱਦ ਨੰਬਰ 8</u>

<u>ਪੰਜਾਬ ਲੇਬਰ ਵੈਲਫੇਅਰ ਬੋਰਡ ਵਿੱਚ ਸੇਵਾਦਾਰ ਦੀ ਆਸਾਮੀ ਪੈਸਕੋ ਰਾਹੀਂ ਭਰਨ ਬਾਰੇ।</u>

ਇਸ ਮੱਦ ਤੇ ਵਿਚਾਰ ਵਟਾਂਦਰਾ ਕਰਨ ਉਪ੍ਰੰਤ ਬੋਰਡ ਵਲੋਂ ਫੈਸਲਾ ਲਿਆ ਗਿਆ ਕਿ ਬੋਰਡ ਦੇ ਰਿਟਾਇਰਡ ਹੋਏ 2 ਸੇਵਾਦਾਰਾਂ ਦੀਆਂ ਖਾਲੀ ਹੋਈਆਂ ਆਸਾਮੀਆਂ ਨੂੰ ਪੈਸਕੋ ਰਾਹੀਂ ਮਿਨੀਮਮ ਵੇਜਿਜ ਤੇ ਭਰ ਲਿਆ ਜਾਵੇ।

<u>ਮੱਦ ਨੰਬਰ 9</u>

ਉਦਯੋਗਿਕ ਕਿਰਤੀ ਜਾਂ ਉਸ ਦੇ ਪ੍ਰੀਵਾਰਕ ਮੈਂਬਰ ਦੀ ਮੌਤ ਹੋਣ ਉਪਰੰਤ ਪੰਜਾਬ ਰਾਜ ਵਿਚ ਦਾਹ-ਸੰਸਕਾਰ ਅਤੇ ਅੰਤਿਮ ਅਰਦਾਸ ਦੇ ਖਰਚੇ ਲਈ ਵਿੱਤੀ ਸਹਾਇਤਾ ਦੇਣ ਬਾਰੇ।

ਬੋਰਡ ਵਲੋਂ ਵਿਚਾਰ ਵਟਾਂਦਰਾ ਕਰਨ ਉਪ੍ਰੰਤ ਫੈਸਲਾ ਲਿਆ ਗਿਆ ਕਿ ਉਦਯੋਗਿਕ ਕਿਰਤੀਆਂ ਦੀ ਜਾਂ ਉਨ੍ਹਾਂ ਦੇ ਪ੍ਰੀਵਾਰਕ ਮੈਂਬਰ ਦੀ ਮੌਤ ਹੋਣ ਉਪ੍ਰੰਤ ਪੰਜਾਬ ਰਾਜ ਵਿਚ ਦਾਹ-ਸੰਸਕਾਰ ਅਤੇ ਅੰਤਿਮ ਅਰਦਾਸ ਦੇ ਖਰਚੇ ਲਈ ਹੇਠ ਲਿਖੀਆਂ ਸ਼ਰਤਾ ਅਨੁਸਾਰ 20000/- ਰੁਪੈ ਦੀ ਵਿਤੀ ਸਹਾਇਤਾ ਦੇਣੀ ਪ੍ਰਵਾਨ ਕੀਤੀ ਗਈ:-

<u>ਮੱਦ ਨੰਬਰ 10</u>

<u>ਪੰਜਾਬ ਲੇਬਰ ਵੈਲਫੇਅਰ ਬੋਰਡ ਵਿਚ ਅਡੀਸ਼ਨਲ ਵੈਲਫੇਅਰ ਕਮਿਸ਼ਨਰ ਦੀ ਨਿਯਕਤੀ ਬਾਰੇ।</u>

ਇਸ ਆਈਟਮ ਸਬੰਧੀ ਮਾਨਯੋਗ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਸੁਝਾਅ ਦਿਤਾ ਗਿਆ ਕਿ ਇਸ ਆਸਾਮੀ ਨੂੰ ਭਰਨ ਤੋਂ ਪਹਿਲਾਂ ਇਸ ਆਸਾਮੀ ਦੀਆਂ ਟਰਮਜ ਐਂਡ ਕੰਡੀਸਨਜ ਅਤੇ ਸਲੈਕਸਨ ਕਮੇਟੀ ਦੀ ਬਣਤਰ ਸਰਕਾਰ ਤੋਂ ਪ੍ਰਵਾਨ ਕਰਵਾ ਲਈ ਜਾਵੇ। ਉਸ ਉਪ੍ਰੰਤ ਇਸ ਆਸਾਮੀ ਨੂੰ ਭਰਨ ਲਈ ਪੰਜਾਬ ਦੇ ਪ੍ਰਮੁੱਖ ਅਖਬਾਰਾਂ ਵਿਚ ਇਸ਼ਤਿਹਾਰ ਦੇਕੇ ਸਲੈਕਸਨ ਕਮੇਟੀ ਵਲੋਂ ਇਸ ਆਸਾਮੀ ਨੂੰ ਠੇਕੇ ਤੇ ਭਰਨ ਦੀ ਕਾਰਵਾਈ ਕੀਤੀ ਜਾਵੇ।

<u>ਸਪਲੀਮੈਂਟਰੀ ਮੱਦ ਨੰਬਰ 1</u>

<u>ਕਿਰਤ ਭਲਾਈ ਬੋਰਡ ਵਲੋਂ ਬਣਾਏ ਜਾ ਰਹੇ ਮਾਡਲ ਵੈਲਫੇਅਰ ਸੈਂਟਰ ਵਿਚ ਫਰਨੀਚਰ/ਫਿਕਸਚਰ ਆਦਿ ਮੁਹਈਆ ਕਰਵਾਣ ਬਾਰੇ।</u>

ਮਾਡਲ ਵੈਲਫੇਅਰ ਸੈਂਟਰ ਦੀ ਉਸਾਰੀ ਦੇ ਸਬੰਧ ਵਿਚ ਇਸ ਕੰਪਲੈਕਸ ਵਿਚ ਵਰਕ ਸਟੇਸਨ, ਫਿਕਸਚਰ, ਡੋਰਮਿਟਰੀ ਅਤੇ ਗੈਸਟ ਰੂਮਜ , ਕਮੇਟੀ ਰੂਮ ਅਤੇ ਬਾਕੀ ਦਫਤਰਾਂ ਦਾ ਫਰਨੀਚਰ ਅਤੇ ਫਿਕਸਚਰ ਆਦਿ ਲੈਣ ਸਬੰਧੀ ਬੋਰਡ ਵਲੋਂ ਸਿਧਾਂਤਿਕ ਪ੍ਰਵਾਨਗੀ ਦਿਤੀ ਗਈ।

<u>ਜਨਰਲ</u>

ਸਨਅਤੀ ਕਿਰਤੀਆਂ ਲਈ ਬੋਰਡ ਵਲੋਂ ਬਣਾਈਆਂ ਗਈਆਂ ਭਲਾਈ ਸਕੀਮਾਂ ਵਿਚ ਹੋਰ ਤੇਜੀ ਲਿਆਣ ਹਿਤ ਮਾਨਯੋਗ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਸੁਝਾਅ ਦਿਤਾ ਗਿਆ ਕਿ ਬੋਰਡ ਨੂੰ ਚਾਹੀਦਾ ਹੈ ਕਿ ਆਪਣੇ ਸਾਰਾ ਕੰਮ ਕਾਜ ਦੀ ਕੰਪਿਊਟਰਕਰਨ ਕਰਵਾਈ ਜਾਵੇ ਅਤੇ ਇਕ ਏਜੰਸੀ ਹਾਇਰ ਕੀਤੀ ਜਾਵੇ ਜੋ ਸਾਰੇ ਸਨਅਤੀ ਕਿਰਤੀਆਂ ਦੇ ਵੇਰਵੇ, ਉਨ੍ਹਾਂ ਦੇ ਕੰਮ ਦੇ ਸਥਾਨ ਦੇ ਪ੍ਰਬੰਧਕਾਂ ਦੇ ਵੇਰਵੇ ਅਤੇ ਸਨਅਤੀ ਕਿਰਤੀਆਂ ਦੇ ਪ੍ਰੀਵਾਰ ਦੀ ਡੀਟੇਲ ਖਾਸ ਕਰਕੇ ਬਚਿਆਂ ਦੀ ਪੜ੍ਹਾਈ ਸਬੰਧੀ, ਸਕੂਲ , ਕਲਾਸ, ਉਮਰ ਆਦਿ ਦੇ ਵੇਰਵਿਆਂ ਸਬੰਧੀ ਡਾਟਾ ਬੈਂਕ ਤਿਆਰ ਕਰੇ।

ਮੌਕੇ ਤੇ ਵੈਲਫੇਅਰ ਕਮਿਸ਼ਨਰ ਵਲੋਂ ਦਸਿਆ ਗਿਆ ਕਿ ਬੋਰਡ ਦੀ ਕੰਪਿਊਟਰੀਕਰਨ ਬਾਰੇ ਪਹਿਲਾਂ ਹੀ ਬੋਰਡ ਵਲੋਂ ਫੈਸਲਾ ਲਿਆ ਜਾ ਚੁੱਕਾ ਹੈ ਅਤੇ ਜਿਸ ਸਬੰਧੀ ਟੈਂਡਰ ਡਾਕੂਮੈਂਟ ਅੰਤਿਮ ਸਟੇਜ ਤੇ ਹੈ। ਇਸ ਸਬੰਧੀ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਕਿਹਾ ਗਿਆ ਕਿ ਬੋਰਡ ਦਾ ਕੰਪਿਊਟਰੀਕਰਨ ਹੋਣ ਉਪ੍ਰੰਤ ਉਪ੍ਰੋਕਤ ਅਨੁਸਾਰ ਸਾਰਾ ਵੇਰਵਾ ਕਿਸੇ ਏਜੰਸੀ ਨੂੰ engage ਕਰਕੇ ਇਕ ਡਾਟਾ ਬੈਂਕ ਬਣਾ ਲਿਆ ਜਾਵੇ ਤਾਂ ਜੋ ਆਣ ਵਾਲੇ ਸਮੇਂ ਲਈ ਸਾਰੇ ਅਧਿਕਾਰੀਆਂ ਲਈ ਟੀਚੇ ਫਿਕਸ ਕਰਦੇ ਹੋਏ ਕਿਸੇ ਠੋਸ ਨੀਤੀ ਅਨੁਸਾਰ ਸਕੀਮਾਂ ਨੂੰ ਲਾਗੂ ਕਰਨ ਲਈ ਪਾਲਿਸੀ ਤਿਆਰ ਕੀਤੀ ਜਾ ਸਕੇ।

ਮਾਨਯੋਗ ਪ੍ਰਮੁੱਖ ਸਕੱਤਰ ਜੀ ਵਲੋਂ ਇਹ ਵੀ ਸੁਝਾਅ ਦਿਤਾ ਗਿਆ ਕਿ ਭਲਾਈ ਸਕੀਮਾਂ ਦੀ ਪਬਲਿਸੀਟੀ ਕਰਨ ਹਿਤ ਭਲਾਈ ਸਕੀਮਾਂ ਦੇ ਪੈਂਫਲੈਟ ਛਪਵਾਕੇ ਉਦਯੋਗਿਕ ਅਦਾਰਿਆਂ ਵਿਚ ਦਿਤੇ ਜਾਣ ਤਾਂ ਜੋ ਇਹਨਾਂ ਅਦਾਰਿਆਂ ਦੇ ਕਿਰਤੀਆਂ ਨੂੰ ਬੋਰਡ ਦੀਆਂ ਭਲਾਈ ਸਕੀਮਾਂ ਦਾ ਪਤਾ ਲਗਾ ਸਕੇ। ਬੋਰਡ ਵੱਲੋਂ ਤਜਵੀਜ ਪ੍ਰਵਾਨ ਕੀਤੀ ਗਈ।

ਅੰਤ ਵਿਚ ਬੋਰਡ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕਰਦੇ ਹੋਏ ਮੀਟਿੰਗ ਦੀ ਸਮਾਪਤੀ ਕੀਤੀ ਗਈ।